ਪੰਜਾਬ ਸਰਕਾਰ
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਪੰਜਾਬ
(ਮਕਾਨ ਉਸਾਰੀ-2 ਸ਼ਾਖਾ)

## ਨੋਟੀਫੀਕੇਸ਼ਨ

23ਅਪ੍ਰੈਲ, 2015

ਨੰ:17/9/15-5ਮਉ2/ 718 ਪੰਜਾਬ ਦੇ ਰਾਜਪਾਲ ਪ੍ਰਸੰਨਤਾ-ਪੂਰਵਕ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਪੰਜਾਬ ਵੱਲੋਂ ਵੱਖ-ਵੱਖ ਪ੍ਰਮੋਟਰਾਂ ਰਾਹੀਂ ਸਥਾਪਤ ਕੀਤੇ ਜਾ ਰਹੇ ਵੱਖ-ਵੱਖ ਰਿਹਾਇਸ਼ੀ/ ਵਪਾਰਿਕ/ ਉਦਯੋਗਿਕ ਆਦਿ ਪ੍ਰੋਜੈਕਟਾਂ ਦੇ ਲੇਆਉਟ ਪਲੈਨ ਪ੍ਰਵਾਨ ਕਰਨ ਅਤੇ ਪ੍ਰਵਾਨਿਤ ਲੇਆਉਟ ਪਲੈਨਾਂ ਵਿੱਚ ਸਮੇਂ-ਸਮੇਂ ਤੇ ਸੋਧਾਂ/ ਤਬਦੀਲੀਆਂ ਦੀ ਪ੍ਰਵਾਨਗੀ ਦੇਣ ਸਬੰਧੀ ਹੇਠ ਲਿਖੇ ਅਨੁਸਾਰ ਸਕਰੂਟਨੀ ਫੀਸ ਵਸੂਲਣ ਦੀ ਪ੍ਰਵਾਨਗੀ ਦਿੰਦੇ ਹਨ:-

| | |
|---|---|
| 1) ਪਹਿਲੀ ਵਾਰ ਲੇਆਉਟ ਪਲੈਨ ਪ੍ਰਵਾਨ ਕਰਨ ਸਬੰਧੀ ਸਕਰੂਟਨੀ ਫੀਸ | 5.0 ਰੁਪਏ ਪ੍ਰਤੀ ਵਰਗ ਮੀਟਰ |
| 2) ਰਿਵਾਈਜ਼ਡ ਲੇਆਉਟ ਪਲੈਨ ਪ੍ਰਵਾਨ ਕਰਨ ਸਬੰਧੀ ਸਕਰੂਟਨੀ ਫੀਸ | 2.0 ਰੁਪਏ ਪ੍ਰਤੀ ਵਰਗ ਮੀਟਰ |

Guiding Parameters:

1. ਕਿਸੇ ਵੀ ਪ੍ਰੋਜੈਕਟ ਦੇ ਪਹਿਲੀ ਵਾਰ ਪ੍ਰਵਾਨ ਹੋ ਰਹੇ ਲੇਆਉਟ ਪਲੈਨ ਦੇ ਗਰੌਸ ਰਕਬੇ ਉੱਤੇ ਉਕਤ ਲੜੀ ਨੰ: 1 ਤੇ ਦੱਸੀ ਗਈ ਸਕਰੂਟਨੀ ਫੀਸ ਲਾਗੂ ਹੋਵੇਗੀ।
2. ਪਹਿਲਾਂ ਪ੍ਰਵਾਨਿਤ ਲੇਆਉਟ ਪਲੈਨ ਦੀਆਂ ਤਜਵੀਜ਼ਾਂ ਵਿੱਚ ਪ੍ਰਮੋਟਰ ਵੱਲੋਂ ਜਿਹੜੀ ਸੋਧ/ ਤਬਦੀਲੀ ਕੀਤੀ ਜਾਂਦੀ ਹੈ ਤਾਂ ਉਸ ਕੇਸ ਵਿੱਚ ਲੇਆਉਟ ਪਲੈਨ ਦੇ ਕੇਵਲ ਉਤਨੇ ਰਕਬੇ ਉੱਤੇ ਹੀ ਉਕਤ ਲੜੀ ਨੰ: 2 ਤੇ ਦਰਸਾਈ ਗਈ ਸਕਰੂਟਨੀ ਫੀਸ ਵਸੂਲੀ ਜਾਵੇਗੀ ਜਿੰਨੇ ਰਕਬੇ ਵਿੱਚ ਸੋਧ/ ਤਬਦੀਲੀ ਕੀਤੀ ਜਾ ਰਹੀ ਹੈ।
3. ਜੇਕਰ ਕਿਸੇ ਪ੍ਰਮੋਟਰ ਵੱਲੋਂ ਆਪਣੇ ਪਹਿਲਾਂ ਪ੍ਰਵਾਨਿਤ ਲੇਆਉਟ ਪਲੈਨ ਦੇ ਰਕਬੇ ਵਿੱਚ ਵਾਧਾ ਕਰਦੇ ਹੋਏ ਰਿਵਾਈਜ਼ਡ ਲੇਆਉਟ ਪਲੈਨ ਪੇਸ਼ ਕੀਤਾ ਜਾਂਦਾ ਹੈ ਤਾਂ ਉਸ ਕੇਸ ਵਿੱਚ ਵਾਧੂ ਰਕਬੇ ਦੇ ਲੇਆਉਟ ਪਲੈਨ ਤੇ ਲੜੀ ਨੰ: 1 ਅਨੁਸਾਰ ਫੀਸ ਵਸੂਲੀ ਜਾਵੇਗੀ ਬਸ਼ਰਤੇ ਕਿ ਪ੍ਰਮੋਟਰ ਵੱਲੋਂ ਪਹਿਲਾਂ ਪ੍ਰਵਾਨਿਤ ਲੇਆਉਟ ਪਲੈਨ ਦੀਆਂ ਤਜਵੀਜ਼ਾਂ ਵਿੱਚ ਕੋਈ ਸੋਧ/ ਤਬਦੀਲੀ ਤਜਵੀਜ਼ ਨਾ ਕੀਤੀ ਗਈ ਹੋਵੇ। ਜੇਕਰ ਪਹਿਲਾਂ ਪ੍ਰਵਾਨਿਤ ਲੇਆਉਟ ਪਲੈਨ ਦੀਆਂ ਤਜਵੀਜ਼ਾਂ ਵਿੱਚ ਵੀ ਕੋਈ ਸੋਧ/ ਤਬਦੀਲੀ ਤਜਵੀਜ਼ ਕੀਤੀ ਜਾਂਦੀ ਹੈ ਤਾਂ ਉਸ ਕੇਸ ਵਿੱਚ ਪਹਿਲਾਂ ਪ੍ਰਵਾਨਿਤ ਲੇਆਉਟ ਪਲੈਨ ਦੇ ਕੇਵਲ ਉਤਨੇ ਰਕਬੇ ਉਤੇ ਉਕਤ ਲੜੀ ਨੰ: 2 ਤੇ ਦਰਸਾਈ ਗਈ ਫੀਸ ਲਾਗੂ ਹੋਵੇਗੀ ਜਿੰਨੇ ਰਕਬੇ ਵਿੱਚ ਪ੍ਰਮੋਟਰ ਵੱਲੋਂ ਸੋਧ/ ਤਬਦੀਲੀ ਕੀਤੀ ਜਾ ਰਹੀ ਹੈ।

IT & C Branch
Daily No. 7309
Dated...24/4/2015

4. ਇਹ ਫੀਸਾਂ ਸਰਕਾਰੀ ਖਜ਼ਾਨੇ ਵਿੱਚ ਸਮਰੱਥ ਅਧਿਕਾਰੀ ਰਾਹੀਂ ਜ਼ਮ੍ਹਾਂ ਕਰਵਾਈਆਂ ਜਾਣਗੀਆਂ।

5. ਪਹਿਲਾਂ ਪ੍ਰਵਾਨਿਤ ਲੇਆਉਟ ਪਲੈਨ ਵਿੱਚ ਜਦੋਂ ਵੀ ਕਿਸੇ ਪ੍ਰਮੋਟਰ ਵੱਲੋਂ ਸੋਧ/ ਤਬਦੀਲੀ ਤਜਵੀਜ਼ ਕੀਤੀ ਜਾਂਦੀ ਹੈ ਤਾਂ ਉਸ ਸੋਧ/ ਤਬਦੀਲੀ ਸਬੰਧੀ ਅਖਬਾਰਾਂ ਵਿੱਚ ਪਬਲਿਕ ਨੋਟਿਸ ਦਿੱਤਾ ਜਾਵੇਗਾ ਤਾਂ ਜੋ ਤਜਵੀਜ਼ਤ ਸੋਧਾਂ/ ਤਬਦੀਲੀ ਸਬੰਧੀ ਪ੍ਰਭਾਵਿਤ ਲੋਕਾਂ ਨੂੰ ਜਾਣਕਾਰੀ ਹੋ ਸਕੇ।

6. ਪਬਲਿਕ ਨੋਟਿਸ ਤੇ ਆਉਣ ਵਾਲਾ ਖਰਚਾ ਸਬੰਧਤ ਪ੍ਰਮੋਟਰ ਤੋਂ ਵਸੂਲਿਆ ਜਾਵੇਗਾ।

ਮਿਤੀ:16-04-2015
ਚੰਡੀਗੜ੍ਹ

ਵਿਸਵਾਜੀਤ ਖੰਨਾ
ਪ੍ਰਮੁੱਖ ਸਕੱਤਰ ਪੰਜਾਬ ਸਰਕਾਰ
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ

ਪਿੱਠ ਅੰਕਣ ਨੰ:17/9/15-5ਮਉ2/ 719
ਮਿਤੀ: 23/4/15

ਇਸ ਦਾ ਇੱਕ ਉਤਾਰਾ [illegible] ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ, ਪੰਜਾਬ, ਐਸ.ਏ.ਐਸ. ਨਗਰ ਨੂੰ ਇਸ ਨੋਟੀਫਿਕੇਸ਼ਨ ਨੂੰ ਪੰਜਾਬ ਸਰਕਾਰ ਦੇ ਗਜ਼ਟ (Ordinary) ਵਿੱਚ ਛਾਪਣ ਅਤੇ ਇਸ ਦੀਆਂ 100 ਕਾਪੀਆਂ ਇਸ ਵਿਭਾਗ ਨੂੰ ਭੇਜਣ ਦੀ ਬੇਨਤੀ ਸਹਿਤ ਭੇਜਿਆ ਜਾਂਦਾ ਹੈ।

ਵਿਸ਼ੇਸ਼ ਸਕੱਤਰ ਮਕਾਨ ਉਸਾਰੀ

ਪਿੱਠ ਅੰਕਣ ਨੰ:17/9/15-5ਮਉ2/ 720-732
ਮਿਤੀ: 23/4/15

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਮੁੱਖ ਪ੍ਰਸਾਸ਼ਕ, ਪੁੱਡਾ, ਐਸ.ਏ.ਐਸ.ਨਗਰ।
2. ਮੁੱਖ ਪ੍ਰਸਾਸ਼ਕ, ਗਮਾਡਾ, ਐਸ.ਏ.ਐਸ.ਨਗਰ।
3. ਮੁੱਖ ਪ੍ਰਸਾਸ਼ਕ, ਪਟਿਆਲਾ ਵਿਕਾਸ ਅਥਾਰਿਟੀ, ਪਟਿਆਲਾ।
4. ਮੁੱਖ ਪ੍ਰਸਾਸ਼ਕ, ਬਠਿੰਡਾ ਵਿਕਾਸ ਅਥਾਰਿਟੀ, ਬਠਿੰਡਾ।
5. ਮੁੱਖ ਪ੍ਰਸਾਸ਼ਕ, ਗਲਾਡਾ, ਲੁਧਿਆਣਾ।
6. ਮੁੱਖ ਪ੍ਰਸਾਸ਼ਕ, ਜਲੰਧਰ ਵਿਕਾਸ ਅਥਾਰਿਟੀ, ਜਲੰਧਰ।
7. ਮੁੱਖ ਪ੍ਰਸਾਸ਼ਕ, ਅੰਮ੍ਰਿਤਸਰ ਵਿਕਾਸ ਅਥਾਰਿਟੀ, ਅੰਮ੍ਰਿਤਸਰ।
8. ਡਾਇਰੈਕਟਰ, ਨਗਰ ਤੇ ਗਰਾਮ ਯੋਜਨਾਬੰਦੀ ਵਿਭਾਗ, ਪੰਜਾਬ, ਐਸ.ਏ.ਐਸ.ਨਗਰ।
9. ਡਾਇਰੈਕਟਰ, ਗਵਰਨੈਂਸ ਰਿਫਾਰਮ ਵਿਭਾਗ, ਪੰਜਾਬ, ਚੰਡੀਗੜ੍ਹ।
10. ਮੈਨੇਜਿੰਗ ਡਾਇਰੈਕਟਰ, ਪੰਜਾਬ ਇਨਫੋਟੈਕ, ਚੰਡੀਗੜ੍ਹ।
11. ਮੁੱਖ ਨਗਰ ਯੋਜਨਾਕਾਰ, ਪੰਜਾਬ, ਐਸ.ਏ.ਐਸ.ਨਗਰ।
12. ਜਨਰਲ ਮੈਨੇਜਰ(ਆਈ.ਟੀ.ਐਂਡ.ਸੀ.), ਪੁੱਡਾ, ਐਸ.ਏ.ਐਸ.ਨਗਰ।
13. ਇੰਚਾਰਜ, ਆਈ.ਡਬਲਿਊ.ਡੀ.ਐਮ.ਐਸ., ਪੰਜਾਬ ਸਿਵਲ ਸਕੱਤਰੇਤ2, ਚੰਡੀਗੜ੍ਹ।

ਸੁਪਰਡੰਟ